Pakenham's OPEN FOR BUSINESS

## ਕਾਬੁਲ ਸਪਾਈਸਸ

ਨਵੀਂ ਮੈਨਜਮੈਂਟ ਥੱਲੇ, ਕਾਬੁਲ ਸਪਾਈਸਸ ਪੈਕਨਮ ਵਿੱਚ ਨਵੇਂ ਅਤੇ ਰਵਾਇਤੀ ਸਵਾਦ ਲਿਆ ਰਿਹਾ ਹੈ, ਲੋਕ ਹੋਰ ਲੈਣ ਲਈ ਵਾਪਸ ਆਉਣਗੇ।

ਮੇਨਹਾਜ ਪਰਿਵਾਰ ਨੂੰ ਮਿਲੋ, ਅਸਲ ਅਫਗਾਨ ਰੈਸਟੂਰੈਂਟ ਦੇ ਮਾਲਕ, ਜਿਹੜਾ 33 ਜਾਨ ਸਟ੍ਰੀਟ ਪੈਕਨਮ  ਸਟ੍ਰੀਟ ਵਿਖੇ ਸਥਿਤ ਹੈ। ਮੇਨਹਾਜ ਪਰਿਵਾਰ ਨੇ 2012 ਵਿਚ ਆਸਟ੍ਰੇਲੀਆ ਪਰਵਾਸ ਕੀਤਾ ਸੀ, ਅਤੇ ਓਹਨਾ ਨਾਲ ਲਿਆਂਦਾ ਘਰ ਬਣੇ ਖਾਣਾ ਬਣਾਉਣ ਦਾ ਜਜ਼ਬਾ ਅਤੇ ਆਪਣਾ ਸੱਭਿਆਚਾਰ ਸਾਂਝਾ ਕਰਨ ਦਾ ਪਿਆਰ।

'ਮੇਰੀ ਮਾਂ ਸਬ ਤੋਂ ਵਧੀਆ ਅਫ਼ਗ਼ਾਨ ਖਾਣਾ ਬਣਾਉਂਦੀ ਹੈ, ਅਤੇ ਅਸੀਂ ਸਾਰੇ ਸੱਭਿਅਤਾ ਦੇ ਲੋਕ ਇਸ ਖਾਣੇ ਦਾ ਜ਼ਾਇਕਾ ਲੈਣ ਅਤੇ ਸਾਡੀ ਹਮਾਇਤ ਕਰਨ', ਬੇਟੀ ਨਾਇਲਾ ਕਹਿੰਦੀ।

ਸਾਰਾ ਪਰਿਵਾਰ ਨਵੇਂ ਗਰ੍ਹਾਹਕਾਂ ਦਾ ਜੀ ਆਇਆਂ ਕਰਨਾ ਅਤੇ ਆਪਣੀ ਸੱਭਿਅਤਾ ਅਤੇ ਸੱਬ ਤੋਂ ਚਹੇਤੇ ਪਕਵਾਨ ਸਾਂਝੇ ਕਰਨਾ ਪਸੰਦ ਕਰਦਾ ਹੈ। ਕਾਬਲੀ ਪਲਾਵ (ਰਵਾਇਤੀ ਚੌਲ) ਅਤੇ ਮੰਟੋ (ਅਫ਼ਗ਼ਾਨੀ ਡੰਪਲਿੰਗ) ਮੈਨਉ ਦੇ ਦੋ ਸੱਭ ਤੋਂ ਮਸ਼ਹੂਰ ਪਕਵਾਨ ਹਨ।

ਸਾਨੂੰ ਭਾਈਚਾਰੇ ਦੇ ਏਨੇ ਨਵੇਂ ਚਿਹਰੇ ਸਾਡਾ ਖਾਣਾ ਚਖਦੇ ਵੇਖਦਿਆਂ ਬਹੁਤ ਅੱਛਾ ਲੱਗਾ, ਜਿੰਨਾ ਵਿਚ ਲੈਵਲ ਕਰਾਸਿੰਗ ਹਟਾਓ ਪਰੋਜੈਕਟ ਦੇ ਲੋਕ ਵੀ ਸ਼ਾਮਲ ਸਨ। 'ਸਾਡੀ ਹਮਾਇਤ ਕਰਨ ਲਈ ਧੰਨਵਾਦ', ਨਾਇਲਾ ਕਹਿੰਦੀ।

2024 ਵਿੱਚ ਨਵੇਂ ਪੈਕੇਨਮ ਸਟੇਸ਼ਨ ਨੇ ਨਾਲ, ਮੇਨਹਾਜ ਪਰਿਵਾਰ ਪਰੋਜੈਕਟ ਦੇ ਭਾਈਚਾਰੇ ਨੂੰ ਲੈ ਕੇ ਅਤੇ ਅਤੇ ਕਿਵੇਂ ਨਵੇਂ ਗਰ੍ਹਾਹਕ, ਭਾਈਚਾਰੇ, ਅਤੇ ਹਲਕੇ ਵਿਚ ਕਾਰੋਬਾਰ ਵਿਚ ਲੈ ਕੇ ਆਵੇਗਾ, ਇਸ ਬਾਰੇ ਬਹੁਤ ਉਤਸੁਕ ਹਨ।

ਪੈਕੇਨੱਮ ਦੀ ਵੱਧਦੇ ਭਾਈਚਾਰੇ ਨੂੰ ਖਿਲਾਉਂਦੇ ਹੋਏ, ਕਾਬੁਲ ਸਪਾਈਸਸ ਘਰ ਦੇ ਬਣੇ ਖਾਣੇ ਲਈ ਇੱਕ ਆਰਾਮਦਾਇਕ ਥਾਂ ਹੈ।

**33 ਜਾਨ ਸਟ੍ਰੀਟ, ਪੈਕਨਮ  ਤੇ ਕਾਬੁਲ ਸਪਾਈਸਸ ਤੇ ਫੇਰ ਪਾਓ।**



*ਨਾਇਲਾ ਅਤੇ ਉਸਦੇ ਪਿਤਾ ਉਦੀਨ ਕਾਬੁਲ ਸਪਾਈਸਸ ਤੇ*

# ਟਰੈਫਿਕ ਬਦਲਾਵ

ਕਦੇ ਕਦੇ, ਅਸੀਂ ਕੁਛ ਦੇਰ ਲਈ ਸੜਕਾਂ ਅਤੇ ਲੇਨਾਂ ਬੰਦ ਰੱਖਾਂਗੇ। [ਪਰ੍ਭਾਵਿਤ ਰਿਹੈਸ਼ੀਆਂ ਅਤੇ ਟਰੇਡਰਾਂ ਨੂੰ ਏਨਾ ਟਰੈਫਿਕ ਵਿਘਨਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## ਰਾਇਨ ਰੋਡ ਕਾਰਜ

ਰਾਇਨ ਰੋਡ ਦੀ ਨਿਰੰਤਰ ਨਿਗਰਾਨੀ ਅਤੇ ਸੰਭਾਲ ਚਲਦੀ ਰਹੇਗੀ, ਨਵੇਂ ਈਸਟ ਪੈਕਨਮ ਸਟੇਸ਼ਨ ਦੇ ਨਿਰਮਾਣ ਦੇ ਨਾਲ ਨਾਲ।

## ਹੈਂਟੀ ਸਟ੍ਰੀਟ ਕਾਰਜ

ਹੈਂਟੀ ਸਟ੍ਰੀਟ ਈਸਟਬਾਊਂਡ ਲੇਨ ਮੱਧ 2023 ਤੱਕ ਬੰਦ ਰਹੇਗੀ। ਤੁਹਾਡੀ ਯਾਤਰਾ ਦੇ ਤਰੀਕੇ ਵਿਚ ਬਦਲ ਹੋਵੇਗਾ।

ਭਾਈਚਾਰੇ ਅਤੇ ਕਾਮਿਆਂ ਦੀ ਸੁਰੱਖਿਆ ਲਈ, ਕਿਰਪਾ ਕਰਕੇ ਡੀਟੂਰ ਇਸ਼ਾਰਿਆਂ ਅਤੇ ਹਦਾਇਤਾਂ ਦਾ ਪਾਲਣ ਕਰੋ, ਪਰੋਜੈਕਟ ਏਰੀਏ ਵਿਚ ਲੰਘਦੇ ਦੌਰਾਨ। ਹੇਠਾਂ ਮੈਪ ਵੇਖੋ।

## ਸੈਵਜ ਸਟ੍ਰੀਟ ਪਦ-ਯਾਤਰੀ ਕਰੋਸਿੰਗ

ਪੈਕਨਮ ਸ਼ਾਪਿੰਗ ਹਦੂਦ ਨੂੰ ਸੈਵਜ ਸਟ੍ਰੀਟ ਪਦ-ਯਾਤਰੀ ਕਰੋਸਿੰਗ ਰਾਹੀਂ ਪਦ-ਯਾਤਰੀ ਲਾਂਘਾ ਬਰਕਰਾਰ ਰਹੇਗਾ

ਵਿਚੋਂ ਵਿੱਚ ਸਾਨੂੰ ਪਦ-ਯਾਤਰੀ ਕਰੋਸਿੰਗ ਬੰਦ ਕਰਨ ਦੀ ਲੋੜ ਪਵੇਗੀ

ਲੋਕਲ ਰਿਹਾਸ਼ੀਆਂ ਲਈ ਸ਼ਟਲ ਸਰਵਿਸ ਮੁਹਈਆ ਰਹੇਗੀ




## ਪਰੋਜੈਕਟ ਟਾਈਮਲਾਈਨ

### 2020
- ਸਾਈਟ ਪੜਤਾਲਾਂ
- ਤਕਨੀਕੀ ਅਤੇ ਇੰਜੀਨੀਰਿੰਗ ਮੁਲਾਂਕਣ
- ਭਾਈਚਾਰਕ ਸ਼ਮੂਲਿਅਤ

### ਸ਼ੁਰੁਆਤੀ 2021
- ਭਾਈਚਾਰਕ ਸ਼ਮੂਲਿਅਤ
- ਹੋਰ ਇੰਜੀਨੀਰਿੰਗ ਮੁਲਾਂਕਣ

### ਮੱਧ 2021
- ਸਟੇਸ਼ਨ ਡਿਜ਼ਾਈਨ ਦੀ ਘੋਸ਼ਣਾ

### ਦੇਰ 2021
- ਖੁੱਲੀ ਥਾਂ ਭਾਈਚਾਰਕ ਵਿਚਾਰ ਵਟਾਂਦਰਾ
- ਸ਼ੁਰੁਆਤੀ ਕਾਰਜ

### 2022
- ਨਿਰਮਾਣ

### 2023
- ਨਿਰਮਾਣ

### 2024
- ਫਾਟਕ ਪੱਕੇ ਖ਼ਤਮ
- ਪੈਕਨਹਮ ਅਤੇ ਈਸਟ ਪੈਕਨਹਮ ਸਟੇਸ਼ਨ ਖੁੱਲਣਗੇ
- ਭਾਈਚਾਰਕ ਥਾਂ ਲੋਕਲ ਲੋਕਾਂ ਦੇ ਮਾਨਣ ਲਈ ਖੁੱਲੇਗੀ

** ਟਾਈਮਲਾਈਨ ਬਦਲੀ ਵੀ ਜਾ ਸਕਦੀ ਹੈ*



*ਪੈਕੇਨਮ ਸਟੇਸ਼ਨ ਤੇ ਹਾਰਡਸਟੈਂਡ ਸੰਸਥਾਪਨ*

## ਸੰਪਰਕ ਵਿੱਚ ਰਹਿਣ ਲਈ


ਨਿਰੰਤਰ ਪਰੋਜੈਕਟ ਈ-ਮੇਲ ਅੱਪਡੇਟਾਂ ਲਈ **levelcrossings.vic.gov.au/subscribe** ਤੇ ਸਬਸਕਰ੍ਹਾਈਬ ਕਰੋ ਅਤੇ ਪੈਕਨਮ ਲੈਵਲ ਕਰੋਸਿੰਗ ਹਟਾਓ ਪਰੋਜੈਕਟ ਨੂੰ  ਸਾਈਨ ਅੱਪ ਕਰੋ

ਜੇਕਰ ਤੁਹਾਡੇ ਇਸ ਪਰੋਜੈਕਟ ਨੂੰ ਲੈਕੇ ਸਵਾਲ ਹਨ ਜਾਂ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ **1800 105 105**  ਤੇ ਕਾਲ ਕਰੋ ਜਾਂ ਈ-ਮੇਲ ਕਰੋ **contact_levelcrossings.vic.gov.au**, 24 ਘੰਟੇ ਸੱਤੇ ਦਿਨ

ਸਾਨੂੰ ਸੋਸ਼ਲ ਮੀਡੀਆ ਤੇ ਫਾਲੋ ਕਰੋ ਜਾਂ ਸਾਡੇ ਫੇਸਬੁੱਕ ਪੇਜ ਤੇ ਨਿੱਜੀ ਸੁਨੇਹਾ ਭੇਜੋ।

ਸਾਡੇ ਕੋਲ ਭਾਈਚਾਰੇ ਅਤੇ ਟਰੇਨ ਯਾਤਰੀਆਂ ਲਈ ਇੱਕ ਉਚੇਚੀ ਟੀਮ ਕੰਮ ਕਰਦੀ ਹੈ ਜੋ ਤੁਹਾਨੂੰ ਨਿਰਮਾਣ ਦੇ ਹਰ ਇੱਕ ਪੜਾਅ ਤੇ ਜਾਣਕਾਰੀ ਦਿੰਦੀ ਹੈ।

**ਕਾਰਜਾਂ ਨੂੰ ਲੇ ਕੇ ਜਾਣੂ ਰਹੋ**



ਪੈਕਨਮ ਲੈਵਲ ਕਰੋਸਿੰਗ ਹਟਾਓ ਪਰੋਜੈਕਟ ਬਾਰੇ sms ਅੱਪਡੇਟਾਂ ਲਈ QR ਕੋਡ ਨੂੰ ਸਕੈਨ ਕਰੋ ਜਾਂ **0428 581 917** ਤੇ **PAKENHAM** ਟੈਕਸਟ ਮੈਸਜ ਕਰੋ

## ਸੰਪਰਕ ਕਰੋ

contact@levelcrossings.vic.gov.au
1800 105 105
Level Crossing Removal Project
GPO Box 2392, Melbourne VIC 3001

ਸਾਨੂੰ ਸੋਸ਼ਲ ਮੀਡੀਆ ਤੇ ਫਾਲੋ ਕਰੋ
**@levelcrossings**

Interpreter **ਅਨੁਵਾਦ ਸੇਵਾ** – ਅੰਗਰੇਜ਼ੀ ਤੋਂ ਹੋਰ ਭਾਸ਼ਾਵਾਂ ਲਈ ਕਿਰਪਾ 9209 0147 ਤੇ ਕਾਲ ਕਰੋ

ਜੇਕਰ ਤੁਹਾਨੂੰ ਇਹ ਜਾਣਕਾਰੀ ਕਿਸੇ ਹੋਰ ਪਹੁੰਚਯੋਗ ਫਾਰਮੈਟ ਵਿੱਚ ਚਾਹੀਦੀ ਹੈ ਤਾਂ ਕਿਰਪਾ ਸਾਡੇ ਨਾਲ ਸੰਪਰਕ ਕਰੋ।

ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਵਿਚ ਵਿਕਲਾਂਗਤਾ ਹੈ ਤਾਂ ਸਹਾਇਤਾ ਲਈ ਤੇ relayservice.gov.au ਜਾਓ

NWP8427



*ਹਾਈ ਐਸਕਾਵੇਟਰ ਈਸਟ ਪੈਕਨਮ ਤੇ ਰੇਲ ਖਿੱਚਣ ਲਈ ਤਿਆਰ ਹੁੰਦਾ ਹੋਇਆ*

PUNJABI

LEVEL CROSSING REMOVAL PROJECT

# ਪੈਕਨਮ ਲੈਵਲ ਕਰਾਸਿੰਗ ਹਟਾਓ ਪਰੋਜੈਕਟ

## ਪੈਕਨਮ ਵਿਖੇ ਟਰੈਕਿੰਗ ਚਾਲੂ ਹੈ

ਪੈਕਨਮ
ਸਤੰਬਰ 2022

ਅਸੀਂ ਈਸਟ ਪੈਕਨਮ ਅਤੇ ਪੈਕਨਮ ਵਿੱਚ ਮੈਕਗਰੇ੍ਗਰ ਰੋਡ, ਮੇਨ ਸਟ੍ਰੀਟ, ਅਤੇ ਰੇਸਕੋਰਸ ਰੋਡ ਵਾਲੇ ਖ਼ਤਰਨਾਕ ਅਤੇ ਭੀੜੇ ਲੈਵਲ ਕਰਾਸਿੰਗ ਹਟਾ ਰਹੇ ਹਾਂ। ਵਿਕਟੋਰੀਆ ਸਰਕਾਰ ਨੇ ਇਹ ਲੈਵਲ ਕਰਾਸਿੰਗ ਹਟਾਉਣ ਲਈ ਤੇਜ਼ੀ ਲਿਆਂਦੀ ਹੈ, ਜਿਸ ਤਹਿਤ ਪੈਕਨਮ ਲਾਈਨ ਤੋਂ 22 ਫਾਟਕ ਹਟਾਏ ਜਾ ਰਹੇ ਨੇ ਤਾਂ ਜੋ 2025 ਤੱਕ ਲਾਈਨ ਫਾਟਕ ਰਹਿਤ ਬਣਾਇਆ ਜਾ ਸਕੇ।

ਅਸੀਂ 2.5 ਕਿੱਲੋਮੀਟਰ ਰੇਲ ਪੁਲ ਤੇ ਹਾਰਡਸਟੈਂਡ ਪਾਇਲਿੰਗ ਕਾਰਜਾਂ ਨਾਲ ਨੀਹਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਹਾਰਡਸਟੈਂਡ ਕਾਰਜ ਭਾਰੀ ਮਸ਼ੀਨਰੀ ਲਈ ਥਾਂ ਨੂੰ ਤਿਆਰ ਕਰਦਾ ਹੈ ਅਤੇ ਪਾਇਲਿੰਗ ਕਾਰਜਵੀ ਵਿਚ ਸ਼ਾਮਲ ਹੈ ਰੇਲ ਪੁੱਲ ਦੀ ਉਸਾਰੀ ਲਈ ਧਰਤੀ ਵਿਚਲੀਆਂ ਬੁਨਿਆਦਾਂ ਦੀ ਡਿਰ੍ਲਿੰਗ। ਇਹ ਕਾਰਜ ਮਕਰੇ੍ਗਰ ਰੋਡ ਅਤੇ ਰਾਇਨ ਰੋਡ ਦੇ ਦਵਾਲੇ ਦੇ ਰੇਲ ਗਲਿਆਰੇ ਦੇ ਨਾਲੋ ਨਾਲ ਮੱਧ 2023 ਤੱਕ ਜਾਰੀ ਰਹਿਣਗੇ।

ਪਾਇਲਿੰਗ ਕਾਰਜ ਇਸ ਸਾਲ ਅਖੀਰ ਅਤੇ ਅਗਲੇ ਸਾਲ ਐਲੀਵੇਟਡ ਰੇਲ ਪੁੱਲ ਦੇ ਸੰਸਥਾਪਨ ਲਈ ਮਦਦ ਕਰਨਗੇ।

ਪੈਕਨਮ ਦੀਆਂ ਤਿੰਨੇ ਲੈਵਲ ਕਰਾਸਿੰਗ ਪੱਕੇ ਤੌਰ ਤੇ ਖਤਮ ਹੋ ਜਾਣਗੀਆਂ, ਜਿਸ ਨਾਲ ਮੈਲਬਰਨ ਦੀ ਸੱਬ ਤੋਂ ਵਿਅਸਤ ਟਰੇਨ ਲਾਈਨ ਹੋਰ ਤੇਜ਼ ਹੋਵੇਗੀ ਅਤੇ ਲੋਕਲ ਸੜਕਾਂ ਸੁਰੱਖਿਅਤ ਹੋਣਗੀਆਂ।

## ਇਹ ਲੈਵਲ ਕਰਾਸਿੰਗ ਕਿਉਂ ਹਟਾਈਆਂ ਜਾ ਰਹੀਆਂ ਨੇ

- **63000 ਵਾਹਨ** ਹਰ ਵੀਕ ਦਿਨ ਇਹ ਕਰਾਸਿੰਗ ਵਰਤਦੇ ਨੇ
- ਸਵੇਰ ਦੇ ਰਸ਼ ਵਿੱਚ ਫਾਟਕ **30 ਮਿੰਟਾਂ ਨਾਲੋਂ ਵੱਧ** ਬੰਦ ਰਹਿੰਦੇ ਨੇ
- **170 ਮੈਟਰੋ ਅਤੇ V/Line ਟਰ੍ਹੇਨਾਂ** ਲੈਵਲ ਕਰਾਸਿੰਗ ਥਾਣੀ ਰੋਜ਼ਾਨਾ ਨਿਕਲਦੀਆਂ ਨੇ
- **90000 ਯਾਤਰੀ** ਕਰੇ੍ਨਬਰਨ-ਪੈਕਨਮ ਲਾਈਨ ਰੋਜ਼ਾਨਾ ਵਰਤਦੇ ਨੇ

**ਪਰੋਜੈਕਟ ਅਪਡੇਟ ਲਈ ਸਾਈਨ ਅੱਪ ਕਰੋ**
levelcrossings.vic.gov.au

VICTORIA'S BIG BUILD


VICTORIA State Government

# ਨਿਰਮਾਣ ਸ਼ੁਰੂ ਹੋ ਚੁਕਾ ਹੈ

ਅਸੀ ਇਸ ਸਿਆਲ ਵੱਡੇ ਨਿਰਮਾਣ ਕਾਰਜ ਸ਼ੁਰੂ ਕਰ ਦਿੱਤੇ ਹਨ। ਕਾਮੇ ਰੇਲ ਗਲਿਆਰੇ ਵਿਚ ਦਿਨ ਦੇ 24 ਘੰਟੇ ਕੰਮ ਕਰਦੇ ਉਪਰੋਂ ਲੰਘਦੀਆਂ ਬਿਜਲੀ ਤਾਰਾਂ ਦੇ ਕੰਮ ਕਰ ਰਹੇ ਨੇ, ਪੁਰਾਣੇ ਰੇਲ ਟਰ੍ਹੈਕਸ ਅਤੇ ਸਲੀਪਰਸ ਹਟਾ ਰਹੇ ਨੇ, ਨਵੀਆਂ ਤਾਰਾਂ ਪਾ ਰਹੇ ਨੇ ਅਤੇ ਨਵੀਂ ਈਸਟ ਪੈਕੇਨਮ ਸਟੇਸ਼ਨ ਸਾਈਟ ਲਈ ਤਿਆਰੀ ਕਾਰਜ ਜਾਰੀ ਰੱਖ ਰਹੇ ਨੇ।

ਅਸੀ ਸਾਈਟ ਤੇ ਖੂਬ ਪਰ੍ਗਤੀ ਕਰ ਰਹੇ ਹਾਂ। ਏਨਾ ਤੱਥਾਂ ਅਤੇ ਅੰਕੜਿਆਂ ਨੂੰ ਵੇਖੋ।

- 5000 ਟਨ ਬੈਲਾਸਟ ਅਤੇ ਮਿੱਟੀ ਰੇਲ ਲਾਈਨ ਦੇ ਥੱਲੇ ਨਵੀਂ ਪਾਈ।
- 1600 ਟਿਮਬਰ ਸਲੀਪਰ ਕੱਢਿਆ ਅਤੇ 250 ਕੰਕਰੀਟ ਸਲੀਪਰ ਨਵੇਂ ਪਾਏ
- 800 ਮੀਟਰ ਨਵੀਆਂ ਵਾੜਾਂ ਟਰੈਕ ਦੇ ਨਾਲ ਨਾਲ ਪਾਈਆਂ
- ਢਾਈ ਕਿਲੋਮੀਟਰ ਟਰੈਕ ਜਿਹੜਾ ਹੋਰ ਟਰੇਨ ਦੇ ਦੁਆਲਿਓਂ ਲੰਘਦਾ ਸੀ ਕੱਢਿਆ ਅਤੇ ਨਵਾਂ ਪਾਇਆ।
- 3 ਕਿਲੋਮੀਟਰ ਨਵੀਆਂ ਤਾਰਾਂ ਪਾਈਆਂ ਅਤੇ ਚਾਲੂ ਕੀਤੀਆਂ




ਈਸਟ ਪੈਕੇਨਮ ਰੇਲ ਲਾਈਨ ਦੇ ਥੱਲਿਓ ਬੈਲਾਸਟ ਅਤੇ ਮਿੱਟੀ ਨਵੀ ਪਾਉਣੀ




ਮੇਨ ਲੈਵਲ ਕਰਾਸਿੰਗ ਤੇ ਟਰੈਕ ਅਤੇ ਸਲੀਪਰ ਹਟਾਉਣੇ




ਪੈਕੇਨਮ ਸਟੇਸ਼ਨ ਤੇ ਟਰੈਕ ਸਾਈਡਿੰਗ ਹਟਾ ਕੇ ਸਾਈਟ ਤਿਆਰ ਕਰਨੀ



ਮੈਕਗਰੇ੍ਗਰ ਰੋਡ ਦੇ ਪੱਛਮੀ ਪਾਸੇ ਓਵਰਹੈਂਡ ਕਾਰਜ



ਰੇਲ ਗਲਿਆਰੇ ਦੇ ਦਵਾਲੇ ਵਾੜ

# ਮਜ਼ਬੂਤ ਬੁਨਿਆਦਾਂ ਬਣਾਉਣੀਆਂ

ਪੁੱਲ ਬਣਾਉਣ ਤੋਂ ਪਹਿਲਾਂ, ਹਰੇਕ ਪੁੱਲ ਦੇ ਪੀਏਰ ਲਈ ਸਾਨੂੰ ਮਜ਼ਬੂਤ ਬੁਨਿਆਦਾਂ ਰੱਖਣੀਆਂ ਪੈਣਗੀਆਂ। ਅਗਸਤ ਵਿੱਚ ਮੈਕਗਰੇ੍ਗਰ ਰੋਡ, ਮੇਨ ਸਟਰ੍ਹੀਟ ਅਤੇ ਰੇਸਕੋਰਸ ਰੋਡ ਤੇ ਉੱਤੋਂ ਨਵੇਂ ਰੇਲ ਪੁੱਲ ਲਈ ਬੁਨਿਆਦਾਂ ਉੱਤੇ ਕੰਮ ਸ਼ੁਰੂ ਕਰ ਦਿੱਤਾ। ਹਾਰਡਸਟੈਂਡ ਸੰਸਥਾਪਨ ਅਤੇ ਪਾਇਲਿੰਗ ਕੰਮ ਇਸ ਵਿਚ ਸ਼ਾਮਲ ਹਨ।

### ਹਾਰਡਸਟੈਂਡ ਸੰਸਥਾਪਨ

ਹਾਰਡਸਟੈਂਡ ਸੰਸਥਾਪਨ ਵਿੱਚ ਸ਼ਾਮਲ ਹੈ ਭਾਰੇ ਉਸਾਰੀ ਸਮਾਨ ਲਈ ਸੁਰੱਖਿਅਤ ਅਤੇ ਪੱਧਰਾ ਥਾਂ। ਕਾਰਜਾਂ ਵਿੱਚ ਸ਼ਾਮਲ ਹੈ ਖੁਦਾਈ, ਮਾਲ ਦੀ ਡਲਿਵਰੀ ਅਤੇ ਮਿੱਟੀ ਦੀ ਕੁਟਾਈ ਜ਼ਮੀਨ ਦੀ ਸਥਿਰਤਾ ਲਈ।

### ਪਾਇਲਿੰਗ ਕਾਰਜਵੀ


ਪਾਇਲਿੰਗ ਕਾਰਜਵੀ ਵਿਚ ਸ਼ਾਮਲ ਹੈ ਨਵੇਂ ਰੇਲ ਪੁੱਲਾਂ ਦੀ ਉਸਾਰੀ ਲਈ ਧਰਤੀ ਵਿਚਲੀਆਂ ਬੁਨਿਆਦਾਂ ਦੀ ਡਿਰ੍ਲਿੰਗ। ਕਾਰਜਾਂ ਵਿੱਚ ਸ਼ਾਮਲ ਹੈ ਜਮੀਨ ਵਿਚ ਗਹਿਰੇ ਮੋਰਿਆਂ ਦੀ ਖੁਦਾਈ। ਇੱਕ ਸਲੰਡਰ ਆਕਾਰ ਸਟੀਲ ਜੰਗਲਾ ਮੋਰੇ ਵਿੱਚ ਵਾੜਿਆ ਜਾਂਦਾ ਹੈ ਅਤੇ ਢੇਰੀ ਬਣਾਉਣ ਲਈ ਕੰਕਰੀਟ ਡੋਲਿਆ ਜਾਂਦਾ ਹੈ।

ਅਸੀਂ ਮੈਕਗਰੇ੍ਗਰ ਰੋਡ ਅਤੇ ਰੇਸਕੋਰਸ ਰੋਡ ਦੇ ਗਲਿਆਰੇ ਦੁਆਲੇ 74 ਪਾਈਲਸ ਇੰਸਟਾਲ ਕਰਾਂਗੇ। ਪਾਇਲਿੰਗ ਕਾਰਜ ਖ਼ਤਮ ਕਰਨ ਲਈ ਖਾਸ ਮਸ਼ਨੀਰੀ ਦੀ ਲੋੜ ਪਵੇਗੀ, ਅਤੇ ਇਹ ਤਰੰਗਾਂ ਅਤੇ ਖੜਾਕ ਵੀ ਕਰ ਸਕਦਾ ਹੈ।

ਜਦੋਂ ਪਾਇਲਿੰਗ ਕਾਰਜ ਖ਼ਤਮ ਹੋ ਜਾਣਗੇ, ਰੇਲ ਪੁੱਲ ਅਤੇ ਉਚੇ ਚੁੱਕੇ ਢਾਂਚੇ ਸੱਬ ਨੂੰ ਵਿੱਖਣ ਯੋਗ ਹੋ ਜਾਣਗੇ।


ਅਸੀ ਇਹ ਰੇਲ ਪੁੱਲ ਕਿਵੇਂ ਬਣਾਵਾਂਗੇ ਬਾਰੇ ਜਾਨਣ ਲਈ, ਸਾਡੀ ਫ਼ੈਕਟਸ਼ੀਟ ਪੜਨ ਲਈ QR ਕੋਡ ਸਕੈਨ ਕਰੋ।

## ਪਾਇਲਿੰਗ ਦੀ ਕਦਮ ਕਦਮ ਤੇ ਗਾਈਡ




### ਮੋਰੇ ਡਰਿੱਲ ਕਰਨੇ

ਨਵੇਂ ਰੇਲ ਪੁੱਲ ਦੀ ਸਾਰੀ 35 ਮੀਟਰ ਲੰਬਾਈ ਉੱਤੇ ਗੋਲ ਮੋਰੇ ਡਰਿੱਲ ਕਰਨੇ। ਫੇਰ ਮਿੱਟੀ ਨੂੰ ਸਥਿਰ ਕਰਨ ਲਈ ਇੱਕ ਤਰਲ ਗੁੰਦ ਪਾਈ ਜਾਵੇਗੀ।



### ਸਟੀਲ ਰੇਇੰਫੋਰਸਮੇਂਟ

ਪਾਇਲ ਨੂੰ ਬੱਲ ਅਤੇ ਮਜ਼ਬੂਤੀ ਦੇਣ ਲਈ ਇੱਕ ਸਲੰਡਰ ਆਕਾਰ ਸਟੀਲ ਜੰਗਲਾ ਮੋਰੇ ਵਿੱਚ ਵਾੜਿਆ ਜਾਂਦਾ ਹੈ।



### ਕੰਕਰੀਟ ਬੈਕਫਿੱਲ

ਮੋਰੇ ਵਿੱਚ ਕੰਕਰੀਟ ਪੰਪ ਕੀਤਾ ਜਾਂਦਾ ਹੈ ਅਤੇ ਸੁੱਕਣ ਲਈ ਛੱਡ ਦਿੱਤਾ ਜਾਂਦਾ ਹੈ। ਇੱਕ ਵਾਰ ਜਦੋਂ ਕੰਕਰੀਟ ਸੁੱਕ ਜਾਵੇ, ਤਾਂ ਪੂਰੇ ਲੈਵਲ ਤੋਂ ਪਾਇਲ ਕੱਟ ਦਿੱਤਾ ਜਾਂਦਾ ਹੈ ਪੀਏਰ ਦੇ ਸੰਸਥਾਪਨ ਦੀ ਸ਼ੁਰੁਆਤ ਲਈ। ਪਾਇਲਾਂ ਨਵੇਂ ਪੁੱਲ ਦੇ ਭਾਰ ਨੂੰ ਬੱਲ ਦੇਣਗੀਆਂ।

### ਰਪੀਟ

ਜਦੋਂ ਤੱਕ ਅਸੀ ਰੇਲ ਪੁੱਲ ਦੇ ਨਾਲ ਨਾਲ 74 ਪਾਇਲਾਂ ਦੇ ਜੋੜ ਤੱਕ ਨਹੀਂ ਪਹੁੰਚ ਜਾਂਦੇ ਇਹ ਕਿਰਿਆ ਜਾਰੀ ਰਹੇਗੀ।